# ਤੁਮ੍ ਪੇਖਤ ਸੋਭਾ ਮੇਰੈ ਆਗਨਿ

**ਬਿਲਾਵਲੁ ਮਹਲਾ ੫ ॥**

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਇਹ ਸ਼ਬਦ, ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਜੋ ਅੰਕ ੮੦੪ ਤੇ ਸੁਭਾਇਮਾਨ ਹੈ।

**ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥**
**ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ ॥੧॥**

ਇਨ੍ਹਾਂ ਪੰਕਤੀਆਂ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਸਮਝਾ ਰਹੇ ਹਨ ਕਿ ਨਾਮ ਸਿਮਰਨ ਨੂੰ ਹਿਰਦੇ ਵਿਚ ਵਸਾਉਣ ਦੀ ਦਾਤ ਦਾ ਇਤਨਾ ਵਡਾ ਮਹਾਤਮ ਹੈ, ਇਤਨਾ ਵਡਾ ਮੁਲ ਹੈ, ਜਿਸ ਦੇ ਵੱਟੇ ਵਿਚ ਦੁਨੀਆਂ ਦੀ ਵਡੀ ਤੋਂ ਵਡੀ ਨਿਆਮਤ, ਤੇ ਇਥੋਂ ਤਕ ਕਿ, ਆਪਣਾ ਆਪਾ ਵੀ ਕੁਰਬਾਨ ਕਰ ਦਿਤਾ ਜਾਵੇ ਤਾਂ ਵੀ ਘਟ ਹੈ। ਇਹ ਕੰਮ ਗੁਰੂ ਦੀ ਕਿਰਪਾ ਤੋਂ ਬਿਨਾਂ, ਕਿਸੇ ਸੂਰਤ ਵਿਚ ਵੀ, ਸੰਭਵ ਨਹੀਂ ਹੁੰਦਾ। ਤਾਂ ਹੀ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਇਸ ਦਾ ਵਡਾ ਮੁਲ ਹੋਣ ਕਰਕੇ ਇਸ ਦਾ ਕੋਈ ਬਜ਼ਾਰ ਨਹੀਂ ਲਗਦਾ, ਇਸ ਦਾ ਕੋਈ ਪਾਰਖੂ ਨਹੀਂ ਮਿਲਦਾ, ਗਾਹਕ ਕੋਈ ਵਿਰਲਾ ਹੀ ਹੁੰਦਾ ਹੈ, ਕਿਉਂਕਿ ਇਸ ਦਾ, ਹਰ ਕੋਈ, ਮੁਲ ਨਹੀਂ ਪਾ ਸਕਦਾ, ਜਿਸ ਕਰਕੇ ਇਹ ਹਰ ਇਕ ਨੂੰ ਨਹੀਂ ਦਿਖਾਇਆ ਜਾਂ ਦਿਤਾ ਜਾ ਸਕਦਾ – 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥', ਅੰਕ ੧੩੬੫. ਇਸ ਲਈ :

**ਵਿਆਖਿਆ** : ਜਿਸ (ਗੁਰੂ/ਸਾਧੂ ) ਦੀ ਦਿਤੀ ਮਤ, ਬੁਧੀ ਦੁਆਰਾ ਮੈਂ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ**... ਨਾਮ ਜਪਣ ਜੋਗੀ ਬਣ ਜਾਵਾਂ ,

**ਵਿਆਖਿਆ** : ਉਸੇ ਦੇ ਅਗੇ ਮੈਂ ਆਪਣਾ ਸਾਰਾ ਤਨ, ਮਨ, ਧਨ ਅਤੇ ਸਭ ਕੁਝ ਹੀ ਸੌਂਪ ਦੇਵਾਂ, ਕਿਉਂਕਿ ਇਹ ਅਨਮੋਲ ਖ਼ਜ਼ਾਨੇ ਦੀ ਪ੍ਰਾਪਤੀ, ਉਤਮ ਪ੍ਰਾਪਤੀ ਹੈ, ਜੋ ਦੁਰਲੱਭ ਹੈ।

ਇਸੇ ਕਰਕੇ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਰਾਮ ਦਾ ਨਾਮ ਸਭ ਤੋਂ ਵਡਾ ਕੀਮਤੀ ਖਜ਼ਾਨਾ ਹੈ, ਜਿਸ ਨੂੰ ਕਿਸੇ ਵਿਰਲੇ ਮਹਾਨ ਵਿਅਕਤੀ, ਜੋ ਇਸਦੀ ਵਡੀ ਕੀਮਤ ਜਾਣਦਾ ਹੋਵੇ, ਉਸ ਅਗੇ ਹੀ, ਇਸ ਬਾਰੇ, ਮੂੰਹ ਖੋਲ੍ਹਣਾ ਚਾਹੀਦਾ ਹੈ, ਕਿਉਂਕਿ ਇਸ ਕੀਮਤੀ ਰਤਨ ਦਾ, ਕੋਈ ਵਿਰਲਾ ਹੀ ਗਾਹਕ ਹੁੰਦਾ ਹੈ, ਜੋ ਇਸਦਾ ਵਡਾ ਮੁਲ ਤਾਰਣ ਦਾ ਹੀਆ ਅਤੇ ਸਮਰਥਾ ਰਖਦਾ ਹੋਵੇ – 'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥' ਅੰਕ ੧੩੭੬. ਇਸ ਦਾ ਮੁਲ, ਬਹੁਤ ਵਡਾ ਹੈ, ਉਹ ਹੈ ਮਨ। ਮਨ ਸੌਂਪ ਦੇਣਾ, ਸਭ ਤੋਂ ਕਠਨ ਕੰਮ ਹੈ। ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ, ਇਥੋਂ ਤਕ ਕਿ, ਇਸ ਦਾ ਵੱਟਾ ਸੋਨੇ ਤਕ ਨਾਲ ਵੀ ਨਹੀਂ, ਸਗੋਂ ਮਨ ਨਾਲ ਹੀ ਹੋ ਸਕਦਾ ਹੈ – 'ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥', ਅੰਕ ੩੨੭.

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਅਨੁਸਾਰ ਜੀਵ ਰੂਪੀ ਇਸਤਰੀ, ਗੁਰ-ਸ਼ਬਦ, ਭਾਵ, ਨਾਮ ਦੇ ਪ੍ਰੇਮ ਦੀ ਦਾਤ ਬਦਲੇ, ਆਪਣਾ ਮਨ ਤਨ, ਆਪਣੇ ਗੁਰੂ ਕੰਤ, ਪਤੀ ਨੂੰ ਸੌਂਪ ਦੇਵੇ ਅਤੇ ਉਸ ਦਾ ਹਰ ਹੁਕਮ ਮੰਨਣ ਨੂੰ ਤਿਆਰ ਹੋਵੇ – 'ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ॥' ਅੰਕ ੮੯. ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਇਹ ਨਾਮ ਰੂਪੀ ਅਕੱਥ ਕਹਾਣੀ, ਸਚੇ ਗੁਰੂ ਦੇ ਦੁਆਰ ਤੋਂ, ਉਸੇ ਨੂੰ ਮਿਲਦੀ ਜਾਂ ਮਿਲ ਸਕਦੀ ਹੈ, ਜੋ ਉਸ ਨੂੰ ਤਨ, ਮਨ, ਧਨ ਆਦਿ ਸਭ ਕੁਝ ਸੌਂਪ ਦੇਵੇ ਅਤੇ ਪੂਰਣ ਤੌਰ ਤੇ ਉਸਦਾ ਹਰ ਹੁਕਮ ਮੰਨੇ – 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥' ਅੰਕ ੯੧੮.

**ਕਰਿ ਆਸਾ ਆਇਓ ਪ੍ਰਭ ਮਾਗਨਿ ॥**
**ਤੁਮ੍ ਪੇਖਤ ਸੋਭਾ ਮੇਰੈ ਆਗਨਿ ॥੧॥ ਰਹਾਉ ॥**

**ਵਿਆਖਿਆ :** ਹੇ ਮੇਰੇ ਗੁਰੂ ! ਮੈਂ ਬਹੁਤ ਆਸ ਰਖ ਕੇ ਤੇਰੇ ਦੁਆਰੇ ਤੇ, ਪ੍ਰਭੂ ਮੰਗਣ ਆਈ ਹਾਂ, ਪਰ ਇਹ ਆਸ ਉਹੀ ਰਖੇ ਜੋ ਤਨ, ਮਨ, ਧਨ ਸੌਂਪਣ ਦੀ ਹਿੰਮਤ ਕਰੇ, ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ।

**ਵਿਆਖਿਆ :** ਤੇਰੇ ਤਾਂ ਦਰਸ਼ਨ ਮਾਤਰ ਨਾਲ ਹੀ, ਮੇਰੇ ਵਿਹੜੇ ਦੀ ਸੋਭਾ ਬਣ ਜਾਂਦੀ ਹੈ। ਭਾਵ, ਤੇਰੇ ਦਰਸ਼ਨਾਂ ਨਾਲ ਮੇਰਾ ਘਰ, ਮੇਰਾ ਹਿਰਦਾ, ਦੋਵੇਂ ਖਿੜ ਉਠਦੇ ਹਨ, ਸੋਭਨੀਕ ਬਣ ਜਾਂਦੇ ਹਨ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਅੰਕ ੫੦੩ ਤੇ, ਫ਼ੁਰਮਾਣ ਹੈ ਕਿ ਸਭ ਇਛਾਵਾਂ ਦੀ ਪੂਰਤੀ ਕਰਣ ਵਾਲਾ, ਹਰੀ ਪ੍ਰਭੂ ਰੂਪੀ ਪਾਰਜਾਤ ਰੁਖ, ਮੇਰੇ ਆਂਗਨ ਵਿਚ ਆਇਆ ਹੈ, ਸਾਰੇ ਫ਼ੂਲ ਪਤੇ ਡਾਲੀਆਂ, ਉਸੇ ਦਾ ਹੀ ਹਿਸਾ ਹੋਣ ਕਰਕੇ, ਮੇਰੇ ਘਰ ਨੂੰ ਸੋਭਨੀਕ ਬਣਾ ਰਹੀਆਂ ਹਨ - 'ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ॥' ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਪ੍ਰਭੂ ਦੇ ਆਉਣ ਤੇ, ਅਤੇ ਉਸ ਦੇ ਚਰਣ ਪਰਸਣ ਤੇ ਅਤਿਅੰਤ ਖ਼ੁਸ਼ੀ ਪ੍ਰਗਟ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇੰਞ ਮੇਰਾ ਘਰ ਇਕ ਸੁੰਦਰ ਬਾਗ ਬਣ ਗਿਆ ਹੈ ਅਤੇ ਉਸ ਵਿਚ (ਅੰਮ੍ਰਿਤ ਦਾ) ਸੋਹਣਾ ਬਾਗ਼ ਤੇ ਤਾਲ ਵੀ ਬਣ ਗਏ ਹਨ - 'ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ॥', ਅੰਕ ੭੮੨. ਪੰਚਮ ਪਾਤਸ਼ਾਹ ਦੇ ਬੇਨਤੀ ਰੂਪ ਬਚਨ ਹਨ ਕਿ ਪ੍ਰਭੂ ਮੇਰੇ ਘਰ ਪਰਾਹੁਣਾ ਬਣ ਕੇ ਆਵੇ ਤਾਂ ਮੈਂ ਉਸ ਦੇ ਚਰਨ ਧੋਵਾਂ ਅਤੇ ਨਿਤ ਉਸ ਦੀ ਮਨ ਤਨ ਨਾਲ ਸੇਵਾ ਕਰ ਕੇ ਉਸ ਨੂੰ ਭਾਅ ਜਾਵਾਂ - 'ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥ ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ॥', ਅੰਕ ੩੧੮. ਹੋਰ ਬਚਨ ਕਰਦੇ ਹਨ ਕਿ ਗੁਰੂ/ਪ੍ਰਭੂ ਦੇ ਘਰ ਆਉਣ ਤੇ ਜੀਵ ਇਸਤ੍ਰੀ, ਆਪਣੀ ਸਖੀ ਨੂੰ ਕਹਿ ਉਠਦੀ ਹੈ ਕਿ ਮੇਰੇ ਘਰ ਅਜਿਹੇ ਪ੍ਰਾਹੁਣੇ ਆਉਣ ਤੇ, ਕਿਰਪਾ ਰੂਪੀ ਬਦਲ ਵਰਸ ਪਏ ਹਨ - 'ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥', ਅੰਕ ੧੨੬੬. ਭਾਈ ਗੁਰਦਾਸ ਜੀ, ਭਗਤ ਸੈਣ ਜੀ ਦੀ ਇਕ ਸਾਖੀ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਬਿਆਨ ਕਰਦੇ ਹਨ ਕਿ ਇਕ ਦਿਨ ਘਰ ਵਿਚ ਸੰਤ ਪਰਾਹੁਣੇ ਆਉਣ ਤੇ ਭਗਤ ਸੈਣ ਜੀ ਭਗਤੀ ਵਿਚ ਸਾਰੀ ਰਾਤ ਇਤਨੇ ਲੀਨ ਹੋ ਰਹੇ ਕਿ ਰਾਜੇ ਦੇ ਮਹਿਲ ਵਿਚ ਮਾਲਿਸ਼ ਦੀ ਸੇਵਾ ਤੇ ਹਾਜ਼ਰ ਨਾ ਹੋ ਸਕੇ ਤਾਂ ਮਾਲਕ ਪ੍ਰਭੂ ਉਨ੍ਹਾਂ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਕਰ ਗਏ - 'ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥ ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ॥ ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ॥', ਵਾਰ ੧੦:੧੬.

**ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥**
**ਸਾਧ ਸੰਗਿ ਇਸੁ ਮਨਹਿ ਉਧਾਰਉ ॥੨॥**

**ਵਿਆਖਿਆ :** ਮੈਂ ਅਨੇਕਾਂ ਹੀ ਢੰਗ ਨਾਲ ਬਹੁਤ ਬਹੁਤ ਵਿਚਾਰ ਕੇ ਵੇਖ ਲਿਆ ਹੈ, ਅਖੀਰ ਤੱਤ ਇਹੀ ਨਿਕਲਿਆ ਹੈ ਕਿ

**ਵਿਆਖਿਆ :** ਮੈਂ ਆਪਣੇ ਇਸ ਮਨ ਦਾ ਉਧਾਰ, ਸਿਰਫ਼ ਸਾਧੂ ਦੀ ਸੰਗਤ ਕੀਤਿਆਂ ਹੀ ਕਰਵਾ ਸਕਦਾ ਹਾਂ, ਭਾਵ, ਤਾਂ ਹੀ ਮੇਰਾ ਮਨ ਗੁਰੂ ਚਰਨਾਂ ਵਿਚ ਜੁੜ ਸਕਦਾ ਹੈ, ਸਿਰਫ਼ ਆਪਣੇ ਜਤਨਾਂ ਨਾਲ ਨਹੀਂ।੨।

ਬਚਨ ਕਰਦੇ ਹਨ ਕਿ ਤੀਰਥ, ਵਰਤ, ਲਖਾਂ ਤਰ੍ਹਾਂ ਦੇ ਸੰਜਮ ਆਦਿ ਜਿਤਨੀਆਂ ਮਰਜ਼ੀ

ਜੁਗਤੀਆਂ ਅਪਣਾ ਲਈਏ, ਪ੍ਰਭੂ ਪ੍ਰਾਪਤੀ ਤਾਂ ਸਾਧੂ ਦੀ ਧੂੜ ਪ੍ਰਾਪਤ ਕਰ ਕੇ ਹੀ ਹੋਣੀ ਹੈ - 'ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ॥', ਅੰਕ ੪੮. ਹੋਰ ਫ਼ੁਰਮਾਣ ਕਰਦੇ ਹਨ ਕਿ ਆਪਣੀ ਸਿਆਣਪ ਨਾਲ ਕੀਤੇ ਧਰਮ ਕਰਮ ਤਾਂ ਸਗੋਂ ਬੰਧਨ ਵਿਚ ਹੀ ਪਾਉਂਦੇ ਹਨ, ਸਾਧੂ ਦੇ ਸਿਰ ਤੇ ਹਥ ਰਖਣ ਨਾਲ ਹੀ ਪ੍ਰਾਪਤੀ ਸੰਭਵ ਹੈ - 'ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ **ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤਿ ਭਏ**॥', ਅੰਕ ੨੧੪. ਹੋਰ ਫ਼ੁਰਮਾਣ ਕਰਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਦੀ ਜੁਗਤੀ ਸਿਰਫ਼, ਸਾਧੂ ਦੇ ਚਰਨਾਂ ਦੀ ਧੂੜ ਵਿਚ ਹੈ, ਜਿਥੋਂ ਦਾਸ ਨਾਨਕ ਨੇ ਇਹ ਖਜ਼ਾਨਾ ਲਿਆ ਹੈ - 'ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ॥', ਅੰਕ ੫੦੧.

**ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥**
**ਤਾ ਮਿਲੀਐ ਜਾ ਲਏ ਮਿਲਾਈ ॥੩॥**

**ਵਿਆਖਿਆ :** ਆਪਣੀ ਕਿਸੇ ਵੀ ਤਰ੍ਹਾਂ ਦੀ ਮੱਤ, ਅਕਲ ਜਾਂ ਸੁਰਤਿ ਰਾਹੀਂ ਜਾਂ ਸਿਆਣਪ ਰਾਹੀਂ ਉਸ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

**ਵਿਆਖਿਆ :** ਇਹ ਸਿਰਫ਼ ਤੇ ਸਿਰਫ਼, ਤਾਂ ਹੀ ਸੰਭਵ ਹੈ ਜੇ ਸਾਧੂ ਆਪ ਹੀ ਇਹ ਮਿਲਾਪ ਕਰਵਾ ਦੇਵੇ।੩। ਇਸੇ ਕਰਕੇ, ਪੰਚਮ ਪਾਤਸ਼ਾਹ ਦਾ, ਅੰਕ ੨੫੫ ਤੇ, ਫ਼ੁਰਮਾਣ ਹੈ ਕਿ ਸਾਰੀ ਸਿਆਣਪ ਛਡ ਕੇ ਸੰਤ ਜਨਾਂ ਦਾ ਆਸਰਾ ਫੜਨਾ ਚਾਹੀਦਾ ਹੈ, ਸੰਤ, ਜਿਸ ਮਿਟੀ ਦੇ ਪੁਤਲੇ ਦੀ ਮਦਦ ਕਰ ਦਿੰਦੇ ਹਨ, ਉਹ ਹੀ ਪਰਮ ਗਤੀ ਪ੍ਰਾਪਤ ਕਰ ਲੈਂਦੇ ਹਨ - 'ਛਾਡਿ ਸਿਆਨਪ ਬਹੁ ਚਤੁਰਾਈ॥ ਸੰਤਨ ਕੀ ਮਨ ਟੇਕ ਟਿਕਾਈ॥ ਛਾਰੁ ਕੀ ਪੁਤਰੀ ਪਰਮ ਗਤਿ ਪਾਈ॥ ਨਾਨਕ ਜਾ ਕਉ ਸੰਤ ਸਹਾਈ॥'

**ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥**
**ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥**

**ਵਿਆਖਿਆ :** ਜਿਸ ਨੂੰ ਸਾਧੂ ਦੀ ਕਿਰਪਾ ਨਾਲ ਉਸ ਦਾ ਦਰਸ਼ਨ ਮਿਲ ਗਿਆ, ਤਾਂ ਉਸ ਦੇ ਨੈਣ ਚੰਗੀ ਤਰ੍ਹਾਂ ਰੱਜ ਗਏ ਹਨ, ਉਨ੍ਹਾਂ ਨੂੰ ਸੰਤੋਖ ਮਿਲ ਗਿਆ ਹੈ।

**ਵਿਆਖਿਆ :** ਅਤੇ ਉਸ ਦਾ, ਇਸ ਜਗ ਵਿਚ, ਆਇਆ ਸਫ਼ਲਾ ਹੋ ਜਾਂਦਾ ਹੈ।

ਪੰਜਵੇਂ ਪਾਤਸ਼ਾਹ, ਅੰਕ ੪੫੨ ਤੇ, ਪ੍ਰਭੂ ਦੇ ਨੈਣਾਂ ਨਾਲ ਦਰਸ਼ਨ ਕਰ ਕੇ ਅਤਿਅੰਤ ਅਨੰਦ ਦਾ ਪ੍ਰਗਟਾਅ ਕਰਦੇ ਹਨ - 'ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥' ਅਗੋਂ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨੂੰ ਇਨ੍ਹਾਂ ਨੈਣਾਂ ਨਾਲ ਵੇਖ ਕੇ ਉਨ੍ਹਾਂ ਦਾ ਮਨ, ਪ੍ਰਭੂ ਨਾਲ ਪਸੀਜ ਗਿਆ ਹੈ - 'ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥' ਦਰਸ਼ਨ ਕਰਨ ਅਤੇ ਗੁਰੂ/ਪਾਰਬ੍ਰਹਮ ਦੇ ਨਿਕਟ ਆ ਜਾਣ ਨੂੰ, ਜਾਣ ਲੈਣ ਨਾਲ ਜਨਮ ਸਫ਼ਲ ਹੋ ਜਾਂਦਾ ਹੈ, ਨਿਕਟ ਹੋ ਕੇ, ਇੰਞ ਸਾਧੂ ਦੇ ਭੇਟਣ/ਇਕ ਮਿਕ ਹੋ ਜਾਣ ਨਾਲ, ਜੇ ਉਸਦੀ ਧੂੜ ਮਿਲ ਜਾਏ ਤਾਂ ਹਰੀ ਪ੍ਰਭੂ ਨਾਲ ਲਿਵ ਜੁੜ ਜਾਂਦੀ ਹੈ। ਅਜਿਹਾ ਹੀ ਫ਼ੁਰਮਾਣ, ਪਾਤਸ਼ਾਹ ਜੀ, ੧੯੩ ਅੰਕ ਤੇ, ਕਰਦੇ ਹਨ - 'ਸਫਲ ਜਨਮੁ ਹੋਵੈ ਪਰਵਾਣੁ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥ ਸੰਤ ਧੂਰਿ ਪਾਈਐ ਵਡਭਾਗੀ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ॥'